ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਭਰਤੀ ਸਾਖਾ)

ਹੁਕਮ ਨੰ: 8/3-2013 ਭਰਤੀ ਸਾਖਾ (1,2,5,7)
ਮਿਤੀ, ਮੋਹਾਲੀ : 09-08-2013

ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਮਿਤੀ 23-09-2009 ਰਾਹੀਂ ਵੱਖ ਵੱਖ ਕਾਡਰ ਦੀਆਂ 7654 ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ। ਇਸ ਚੋਣ ਪ੍ਰਕ੍ਰਿਆ ਨੂੰ ਵਿਭਾਗੀ ਚੋਣ ਕਮੇਟੀ ਵੱਲੋਂ ਸਾਲ 2011 ਵਿਚ ਮੁਕੰਮਲ ਕਰ ਲਿਆ ਗਿਆ ਸੀ।

ਸਿੱਖਿਆ ਵਿਭਾਗ ਵੱਲੋ ਉਕਤ 7654 ਅਸਾਮੀਆਂ ਵਿੱਚੋ ਜੋ ਅਸਾਮੀਆਂ ਨਾਨ ਜੁਆਇਨਿੰਗ ਕਾਰਣ ਖਾਲੀ ਰਹਿ ਗਈਆਂ ਸਨ, ਉਹਨਾਂ ਨੂੰ ਵਿਭਾਗ ਵੱਲੋ ਖਾਲੀ ਅਸਾਮੀਆਂ ਮੰਨਦੇ ਹੋਏ ਸਾਲ -2012 ਵਿੱਚ 5178 ਅਸਾਮੀਆਂ ਵਿੱਚ ਸਾਮਲ ਕਰਕੇ ਮੁੜ ਵਿਗਿਆਪਤ ਕਰ ਦਿਤੀਆਂ ਗਈਆਂ ਸਨ।

7654 ਅਸਾਮੀਆਂ ਸਬੰਧੀ ਕੁੱਝ ਉਮੀਦਵਾਰਾਂ ਵੱਲੋਂ ਦਿੱਤੀਆਂ ਪ੍ਰਤੀਬੇਨਤੀਆਂ, ਕਿ ਉਨਾਂ ਤੋਂ ਘੱਟ ਮੈਰਿਟ ਵਾਲੇ ਉਮੀਦਵਾਰਾਂ ਦੀ ਚੋਣ ਹੋ ਗਈ ਹੈ ਅਤੇ ਕੋਰਟ ਵਿੱਚ ਦਾਇਰ ਕੀਤੇ ਕੇਸਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਨੇ ਪੱਤਰ ਮਿਤੀ 20-03-2013 ਰਾਹੀਂ ਇਸ ਭਰਤੀ ਸਬੰਧੀ ਚੌਕਸੀ ਵਿਭਾਗ ਪੰਜਾਬ ਤੋਂ ਪੜਤਾਲ ਕਰਵਾਉਣ ਦਾ ਫੈਸਲਾ ਲਿਆ ਹੈ। ਜਦੋਂ ਕਿ ਭਰਤੀ ਉਪਰ ਪਹਿਲਾਂ ਹੀ ਸਵਾਲੀਆ ਨਿਸ਼ਾਨ ਹੈ ਤਾਂ ਵੇਟਿੰਗ ਲਿਸਟ ਨੂੰ ਅਪਰੇਟ ਕਰਨ ਦੀ ਕੋਈ ਵਜਾ ਨਹੀਂ ਰਹਿ ਜਾਂਦੀ।

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ 7654 ਅਧਿਆਪਕਾਂ ਦੀ ਜੋ ਭਰਤੀ ਕੀਤੀ ਗਈ ਸੀ ਉਸ ਵਿੱਚ ਤਿਆਰ ਉਡੀਕ ਸੂਚੀਆਂ ਲਾਗੂ ਨਾਂ ਕਰਨ ਦਾ ਫੈਸਲਾ ਲੈਣ ਕਾਰਨ ਇਹ ਉਡੀਕ ਸੂਚੀਆਂ ਤਤਕਾਲ ਸਮੇਂ ਤੋਂ ਰੱਦ ਕੀਤੀਆਂ ਜਾਂਦੀਆਂ ਹਨ।

ਅੰਜਲੀ ਭਾਵੜਾ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,ਸਕੂਲ ਸਿੱਖਿਆ ਵਿਭਾਗ

ਪਿੱਠ ਅੰਕਣ ਨੰ: ਉਕਤ    ਮਿਤੀ: ਮੋਹਾਲੀ: 13-08-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਐਸ.ਟੂ,ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ , ਪੰਜਾਬ, ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2. ਪੀ.ਏ. ਟੂ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ।
3. ਡਾਇਰੈਕਟਰ ਪ੍ਰਸ਼ਾਸਨ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ।
4. ਸਮੂਹ ਮੰਡਲ ਸਿੱਖਿਆ ਅਫਸਰ , ਪੰਜਾਬ।

13/8/13
ਡਿਪਟੀ ਡਾਇਰੈਕਟਰ (ਸ:ਪ੍ਰ)

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਭਰਤੀ ਸ਼ਾਖਾ)**

ਹੁਕਮ ਨੰ:8/3-2013 ਭਸ (1,2,5,7)
ਮਿਤੀ : ਮੋਹਾਲੀ : 19-9-2013

ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਮਿਤੀ 23-09-2009 ਰਾਹੀਂ ਵੱਖ ਵੱਖ ਕਾਡਰ ਦੀਆਂ 7654 ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ। ਇਸ ਚੋਣ ਪ੍ਰਕ੍ਰਿਆ ਨੂੰ ਵਿਭਾਗੀ ਚੋਣ ਕਮੇਟੀ ਵੱਲੋਂ ਸਾਲ 2011 ਵਿੱਚ ਮੁਕੰਮਲ ਕਰ ਲਿਆ ਗਿਆ ਸੀ।

ਸਿੱਖਿਆ ਵਿਭਾਗ ਵੱਲੋਂ ਉਕਤ 7654 ਅਸਾਮੀਆਂ ਵਿੱਚੋਂ ਜੋ ਅਸਾਮੀਆਂ ਨਾਂਨ ਜੁਆਇਨਿੰਗ ਕਾਰਣ ਖਾਲੀ ਰਹਿ ਗਈਆਂ ਸਨ, ਉਨਾਂ ਨੂੰ ਵਿਭਾਗ ਵੱਲੋਂ ਖਾਲੀ ਅਸਾਮੀਆਂ ਮੰਨਦੇ ਹੋਏ ਸਾਲ -2012 ਵਿੱਚ 5178 ਅਸਾਮੀਆਂ ਵਿੱਚ ਮੁੜ ਵਿਗਿਆਪਤ ਕਰ ਦਿੱਤੀਆ ਗਈਆਂ ਸਨ।

7654 ਅਸਾਮੀਆਂ ਸਬੰਧੀ ਕੁਝ ਉਮੀਦਵਾਰਾਂ ਵੱਲੋਂ ਦਿੱਤੀਆਂ ਪ੍ਰਤੀਬੇਨਤੀਆਂ, ਕਿ ਉਨਾਂ ਤੋਂ ਘੱਟ ਮੈਰਿਟ ਵਾਲੇ ਉਮੀਦਵਾਰਾਂ ਦੀ ਚੋਣ ਹੋ ਗਈ ਹੈ ਅਤੇ ਕੋਰਟ ਵਿੱਚ ਦਾਇਰ ਕੀਤੇ ਕੇਸਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਨੇ ਪੱਤਰ ਮਿਤੀ 20-03-2013 ਰਾਹੀਂ ਇਸ ਭਰਤੀ ਸਬੰਧੀ ਚੌਕਸੀ ਵਿਭਾਗ ਪੰਜਾਬ ਤੋਂ ਪੜਤਾਲ ਕਰਵਾਉਣ ਦਾ ਫੈਸਲਾ ਲਿਆ ਹੈ। ਜਦੋਂ ਕਿ ਭਰਤੀ ਉਪਰ ਪਹਿਲਾਂ ਹੀ ਸਵਾਲੀਆ ਨਿਸ਼ਾਨ ਹੈ ਤਾਂ ਪਬਲਿਕ ਨੋਟਿਸ ਮਿਤੀ 09-01-2013 ਦੇ ਅਧੀਨ ਜੁਆਇਨਿੰਗ ਲਈ ਆਈਆਂ ਉਮੀਦਵਾਰਾਂ ਦੀਆਂ ਪ੍ਰਤੀ ਬੇਨਤੀਆਂ ਨੂੰ ਵਿਚਾਰਨ ਦੀ ਕੋਈ ਵਜਾ ਨਹੀਂ ਰਹਿ ਜਾਂਦੀ।

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਮਿਤੀ 09-01-2013 ਨੂੰ ਦਿੱਤੇ ਗਏ ਪਬਲਿਕ ਨੋਟਿਸ ਨੂੰ ਵਾਪਿਸ ਲਿਆ ਜਾਂਦਾ ਹੈ ।

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।

ਪਿੱਠ ਅੰਕਣ ਨੰ: ਉਕਤ 675 ਮਿਤੀ : ਮੋਹਾਲੀ : 19-9-13

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਐਸ ਟੂ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ, ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2. ਪੀ.ਏ ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ।
3. ਡਾਇਰੈਕਟਰ , ਪ੍ਰਸਾਸਨ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਮੋਹਾਲੀ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ। ਜ਼ਿਲ੍ਹਾ, ਸਿ਼ਖਿ, ਇੰਡੋਕੇਟ। 19/9/13

ਡਿਪਟੀ ਡਾਇਰੈਕਟਰ (ਸ:ਪ੍ਰ)